

'ਮਹਿਕ ਵਤਨ ਦੀ ਲਾਈਵ' ਦਾ ਕੈਨੇਡਾ ਐਡੀਸ਼ਨ ਸ਼ੁਰੂ ਹੋਣ 'ਤੇ ਅਦਾਰੇ ਨੂੰ ਅਤੇ ਦੇਸ਼ਾਂ-ਵਿਦੇਸ਼ਾਂ ਵਿਚ ਵਸਦੇ ਸਮੂੰਹ ਪੰਜਾਬੀ ਪਾਠਕਾਂ ਨੂੰ ਕੋਟਿ-ਕੋਟਿ ਮੁਬਾਰਕਾਂ !





ਧੰਨ ਧੰਨ ਸ਼ਹੀਦ ਬਾਬਾ ਤੇਗਾ ਸਿੰਘ ਜੀ

# ਧੰਨ-ਧੰਨ ਸ਼ਹੀਦ ਬਾਬਾ ਤੇਗਾ ਸਿੰਘ ਜੀ
# ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ



ਗੁਰਦੁਆਰਾ ਸਾਹਿਬ

# ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ

## ਪਿੰਡ ਚੰਦ ਪੁਰਾਣਾ (ਜ਼ਿਲ੍ਹਾ ਮੋਗਾ)

ਹਰ ਸਾਲ ਚੇਤ ਦੇ ਪਹਿਲੇ ਐਤਵਾਰ (ਮਾਰਚ ਮਹੀਨੇ) ਸਲਾਨਾ ਸ਼ਹੀਦੀ ਜੋੜ ਮੇਲਾ ਮਨਾਇਆ ਜਾਂਦਾ ਹੈ।

**ਇਸ ਗੁਰਦੁਆਰਾ ਸਾਹਿਬ ਵਿਚ ਸ਼ੀਸ਼ੇ ਦਾ ਬਣਿਆ ਪੰਜ ਮੰਜ਼ਿਲਾਂ ਦਰਬਾਰ ਹਾਲ ਅਤੇ ਧਾਰਮਿਕ ਵਿਰਸੇ ਨਾਲ ਸੰਬੰਧਤ ਅਜਾਇਬ ਘਰ ਵੇਖਣਯੋਗ ਹੈ**



ਸੱਚਖੰਡ ਵਾਸੀ
ਸੰਤ ਬਾਬਾ ਨਛੱਤਰ ਸਿੰਘ ਜੀ



ਗੁਰਦੁਆਰਾ ਸਾਹਿਬ ਪਿੰਡ ਚੰਦ ਪੁਰਾਣਾ ਤਹਿਸੀਲ ਅਤੇ ਜ਼ਿਲ੍ਹਾ ਮੋਗਾ-ਬਾਘਾਪੁਰਾਣਾ ਸੜਕ ਉੱਪਰ ਮੋਗੇ ਤੋਂ 12 ਕਿਲੋਮੀਟਰ ਹੈ ਤੇ ਬਾਘਾਪੁਰਾਣਾ ਤੋਂ 6 ਕਿਲੋਮੀਟਰ ਤੇ ਸਥਿਤ ਹੈ। ਇਸ ਪਵਿੱਤਰ ਅਸਥਾਨ ਉੱਪਰ ਬਾਬਾ ਤੇਗਾ ਸਿੰਘ ਜੀ ਸ਼ਹੀਦ ਅਤੇ ਉਨ੍ਹਾਂ ਦੀ ਅਪਾਰ ਕ੍ਰਿਪਾ ਦੁਆਰਾ ਉਨ੍ਹਾਂ ਦੇ ਦਰੋਂ ਘਰੋਂ ਵਰੋਸਾਏ ਹੋਏ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਦੁਖੀਆਂ ਦੇ ਦੁੱਖ ਗੁਰੂ ਜੀ ਦੀਆਂ ਅਰਦਾਸਾਂ ਦੁਆਰਾ ਦੂਰ ਕਰਦੇ ਹਨ। ਇਸ ਗੁਰਦੁਆਰਾ ਸਾਹਿਬ ਵਿਖੇ ਜੋ ਵੀ ਸ਼ਰਧਾ ਨਾਲ ਹਾਜ਼ਰੀਆਂ ਲਵਾਉਂਦੇ ਹਨ ਉਨ੍ਹਾਂ ਸਭਨਾਂ ਦੀਆਂ ਆਸਾਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਬਾਬਾ ਜੀ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਲਈ ਉਪਦੇਸ਼ ਦਿੰਦੇ ਹਨ। ਇਥੋਂ ਦੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਦੁਖੀਆਂ ਦੇ ਦੁੱਖ ਦੂਰ ਹੁੰਦੇ ਹਨ।



ਨੋਟ - ਇਸ ਗੁਰਦੁਆਰਾ ਸਾਹਿਬ ਵਿਚ ਲਗਾਤਾਰ ਸਹਿਜ ਪਾਠਾਂ ਦੀ ਲੜੀ ਚਲਦੀ ਰਹਿੰਦੀ ਹੈ। ਇਥੇ ਪੁੰਨਿਆਂ ਦਾ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ ਅਤੇ ਧਾਰਮਿਕ ਦੀਵਾਨ ਸਜਾਇਆ ਜਾਂਦਾ ਹੈ। ਇਥੇ ਗੁਰੂ ਕਾ ਲੰਗਰ 24 ਘੰਟੇ ਅਤੁੱਟ ਵਰਤਦਾ ਹੈ। ਹਰ ਸੰਗਰਾਂਦ ਤੇ ਬੇਸਹਾਰਾ ਔਰਤਾਂ ਨੂੰ ਮਹੀਨੇ ਭਰ ਦਾ ਰਾਸ਼ਨ ਫ੍ਰੀ ਦਿੱਤਾ ਜਾਂਦਾ ਹੈ। ਇਥੇ ਬਾਬਾ ਜੀ ਵੱਲੋਂ ਗਰੀਬ ਲੜਕੀਆਂ ਦੇ ਵਿਆਹ ਕੀਤੇ ਜਾਂਦੇ ਹਨ। ਬੇਸਹਾਰਾ ਬਜ਼ੁਰਗਾਂ ਵਾਸਤੇ ਬਾਬਾ ਜੀ ਦੇ ਯਤਨਾਂ ਸਦਕਾ 1 ਏਕੜ ਵਿਚ 47 ਕਮਰਿਆਂ ਵਾਲਾ ਬਿਰਧ ਆਸ਼ਰਮ ਬਣਿਆ ਹੋਇਆ ਹੈ। ਹਸਪਤਾਲ ਵਿਚ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦਵਾਈ ਦਿੱਤੀ ਜਾਂਦੀ ਹੈ।

19 ਜੁਲਾਈ 2016 ਨੂੰ ਅੰਮ੍ਰਿਤ ਸੰਚਾਰ ਕਰਵਾਇਆ ਜਾਵੇਗਾ। ਹਰ ਦੂਸਰੀ ਪੂਰਨਮਾਸ਼ੀ 'ਤੇ ਅੰਮ੍ਰਿਤ ਸੰਚਾਰ ਕਰਵਾਇਆ ਜਾਂਦਾ ਹੈ। ਅੰਮ੍ਰਿਤ ਅਭਿਲਾਸ਼ੀਆਂ ਨੂੰ ਕੱਕਾਰ ਫ੍ਰੀ ਦਿੱਤੇ ਜਾਂਦੇ ਹਨ ਅਤੇ 20 ਕਿਲੋਮੀਟਰ ਤੋਂ ਜ਼ਿਆਦਾ ਦੂਰੀ ਤੋਂ ਆਉਣ ਵਾਲੇ ਪ੍ਰਾਣੀਆਂ ਨੂੰ ਆਉਣ-ਜਾਣ ਦਾ ਕਿਰਾਇਆ ਤੇ ਬਸਤਰ ਦਿੱਤੇ ਜਾਂਦੇ ਹਨ।

**ਹਰ ਮਹੀਨੇ ਫਰਵਰੀ ਵਿਚ ਅੰਤਰਰਾਸ਼ਟਰੀ ਕਬੱਡੀ ਟੂਰਨਾਮੈਂਟ ਕਰਵਾਇਆ ਜਾਂਦਾ ਹੈ ਜਿਸ ਵਿਚ ਖਿਡਾਰੀਆਂ ਨੂੰ ਮੋਟਰਸਾਈਕਲ, ਘੋੜੇ, ਮੱਝਾਂ ਆਦਿ ਇਨਾਮਾਂ ਨਾਲ ਨਿਵਾਜ਼ਿਆ ਜਾਂਦਾ ਹੈ।**

ਭਰੂਣ ਹੱਤਿਆ ਨੂੰ ਰੋਕਣ ਲਈ ਔਰਤਾਂ ਨੂੰ ਲੋਹੜੀ-ਮਾਘੀ ਦੇ ਤਿਉਹਾਰ 'ਤੇ ਦੁਪੱਟੇ ਵੰਡ ਕੇ ਸਨਮਾਨਤ ਕੀਤਾ ਜਾਂਦਾ ਹੈ ਅਤੇ ਭਰੂਣ ਹੱਤਿਆ ਬਾਰੇ ਜਾਗਰਿਤ ਕੀਤਾ ਜਾਂਦਾ ਹੈ।

ਬਾਬਾ ਜੀ ਦਾ ਫੁਰਮਾਨ - ਨਸ਼ੇ ਛੱਡੋ, ਗੁਰੂ ਵਾਲੇ ਬਣੋ, ਅੰਮ੍ਰਿਤ ਛਕੋ ਤੇ ਸਿੰਘ ਸਜੋ ਅਤੇ ਆਪਣੇ ਮਾਤਾ-ਪਿਤਾ ਦੀ ਸੇਵਾ ਕਰੋ ਹਰੇਕ ਦਾ ਭਲਾ ਮੰਗੋ।

## ਵੱਲੋਂ - ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਜੀ

ਪ੍ਰਬੰਧਕ ਕਮੇਟੀ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਅਤੇ ਸਮੂਹ ਇਲਾਕਾ ਨਿਵਾਸੀ ਪਿੰਡ ਚੰਦਪੁਰਾਣਾ (ਮੋਗਾ) ਫ਼ੋਨ : 98147-41305, 98148-41305